بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.10.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਅਕਤੂਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ ۔ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ اَلرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਤੋਂ ਰਿਵਾਇਤ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜਿੰਨ੍ਹਾ ਦੱਸ ਵਿਅਕਤੀਆਂ ਨੂੰ ਸਵਰਗ ਦੀ ਖ਼ੁਸ਼ਖ਼ਬਰੀ ਦਿੱਤੀ ਸੀ ਉਹਨਾ ਵਿੱਚ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਤੋਂ ਬਿਨਾ ਅਬੂ ਬਕਰ ਰਜ਼ੀ ਅਲੱਹੁ ਅਨਹੁ, ਉਸਮਾਨ ਰਜ਼ੀ ਅਲੱਹੁ ਅਨਹੁ, ਅਲੀ ਰਜ਼ੀ ਅਲੱਹੁ ਅਨਹੁ, ਤਲਹਾ ਰਜ਼ੀ ਅਲੱਹੁ ਅਨਹੁ, ਜ਼ੁਬੈਰ ਰਜ਼ੀ ਅਲੱਹੁ ਅਨਹੁ, ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਹੁ ਅਨਹੁ, ਸਅਦ ਬਿਨ ਅਬੀ ਵਕਾਸ ਰਜ਼ੀ ਅਲੱਹੁ ਅਨਹੁ, ਸਈਦ ਬਿਨ ਜ਼ੈਦ ਰਜ਼ੀ ਅਲੱਹੁ ਅਨਹੁ ਅਤੇ ਅਬੂ ਉਬੈਦਹ ਬਿਨ ਜਰਾਹ ਰਜ਼ੀ ਅਲੱਹੁ ਅਨਹੁ ਸ਼ਾਮਲ ਹਨ । ਹਜ਼ਰਤ ਅਬੂ ਮੂਸਾ ਰਜ਼ੀ ਅਲੱਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਮਦੀਨਿ ਦੇ ਇਕ ਬਾਗ਼ ਵਿੱਚ ਸੀ ਉੱਥੇ ਅਬੂਬਕਰ ਰਜ਼ੀ ਅਲੱਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਆਏ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਨਿਰਦੇਸ਼ ਅਨੁਸਾਰ ਮੈਂ ਉਹਨਾ ਨੂੰ ਸਵਰਗ ਦੀ ਖ਼ੁਸ਼ਖ਼ਬਰੀ ਦਿੱਤੀ ਜਿਸ'ਤੇ ਉਹਨਾ ਨੇ ਅਲਹਮਦੁਲਿਲੱਾਹ ਕਿਹਾ । ਪਰ ਹਜ਼ਰਤ ਉਸਮਾਨ ਰਜ਼ੀ ਅਲੱਹੁ ਅਨਹੁ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਇਸਨੂੰ ਸਵਰਗ ਦੀ ਖ਼ੁਸ਼ਖ਼ਬਰੀ ਦਿਓ, ਇਹ ਹੁੰਦਿਆਂ ਹੋਇਆਂ ਵੀ ਇਸਨੂੰ ਇਕ ਮੁਸੀਬਤ ਪਹੁੰਚੇਗੀ । ਹਜ਼ਰਤ ਉਸਮਾਨ ਰਜ਼ੀ ਅਲੱਹੁ ਅਨਹੁ ਨੇ ਵੀ ਅਲਹਮਦੁਲਿਲੱਾਹ ਕਿਹਾ । ਫਿਰ ਕਿਹਾ ਮੁਸੀਬਤ ਤੋਂ ਸੁਰੱਖਿਅਤ ਰਹਿਣ ਲਈ ਰੱਬ ਤੋਂ ਮਦਦ ਮੰਗੀ ਜਾ ਸਕਦੀ ਹੈ ।

ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਹੁ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਇਕ ਵਾਰ ਮੈਂ ਸੁਤੱਾ ਹੋਇਆ ਸੀ ਤਾਂ ਆਪਣੇ ਆਪਨੂੰ ਸਵਰਗ ਵਿੱਚ ਇਕ ਮਹਿਲ ਕੋਲ ਦੇਖਿਆ । ਪੁਛੱਣ'ਤੇ ਪਤਾ ਲਗੱਾ ਕਿ ਇਹ ਮਹਿਲ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਹੁ ਅਨਹੁ ਦਾ ਹੈ । ਉਹਨਾ ਦੀ ਗ਼ੈਰਤ ਦਾ ਵਿਚਾਰ ਆਉਂਦਿਆਂ ਹੀ ਮੈਂ ਵਾਪਸ ਪਰਤ ਆਇਆ । ਇਹ ਸੁਣਕੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਰੋ ਪਏ ਅਤੇ ਕਿਹਾ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ! ਕੀ ਮੈਂ ਆਪ ਨਾਲ ਗ਼ੈਰਤ ਕਰਾਂਗਾ । ਆਪ ਕਿਉਂ ਵਾਪਸ ਪਰਤ ਗਏ ਬਰਕਤ ਬਖ਼ਸ਼ਦੇ । ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅਲੱਹੁ ਅਨਹੁ ਦੀ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ 'ਇਲੀਯੀਨ' ਵਾਲਿਆਂ ਵਿੱਚੋਂ ਕੋਈ ਵਿਅਕਤੀ ਸਵਰਗ ਵਾਸੀਆਂ'ਤੇ ਝਾਤੀ ਮਾਰੇਗਾ ਤਾਂ ਉਸਦੇ ਚਿਹਰੇ ਕਰਕੇ ਸਵਰਗ ਜਗਮਗਾ ਉੱਠੇਗਾ । ਹਜ਼ਰਤ ਅਬੂ ਬਕਰ ਰਜ਼ੀ ਅਲੱਹੁ ਅਨਹੁ

ਅਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਵੀ ਉਹਨਾਂ ਵਿੱਚੋਂ ਹਨ । ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਹੁ ਅਨਹੁ ਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨਬੀਆਂ ਤੇ ਰਸੂਲਾਂ ਤੋਂ ਬਿਨਾਂ ਪਹਿਲੇ ਸਵਰਗ ਵਾਸੀਆਂ ਅਤੇ ਬਾਦ ਵਿੱਚ ਆਉਣ ਵਾਲੇ ਸਾਰਿਆਂ ਵੱਡੀ ਉਮਰਾਂ ਵਾਲਿਆਂ ਦੇ ਸਰਦਾਰ ਹਨ ।

ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਉਮਰ ਬਿਨ ਖ਼ਤਾਬ ਸਵਰਗਵਾਸੀਆਂ ਨੇ ਚਿਰਾਗ਼ ਹਨ ।

ਹਜ਼ਰਤ ਅਕਬਾ ਬਿਨ ਆਮਰ ਰਜ਼ੀ ਅਲੱਹੁ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਜੇਕਰ ਮੇਰੇ ਬਾਦ ਕੋਈ ਨਬੀ ਹੁੰਦਾ ਤਾਂ ਜ਼ਰੂਰ ਉਮਰ ਬਿਨ ਖ਼ਤਾਬ ਰਜ਼ੀ ਅਲੱਹੁ ਅਨਹੁ ਹੁੰਦੇ । ਹਜ਼ਰਤ ਆਇਸ਼ਾ ਰਜ਼ੀ ਅਲੱਹੁ ਅਨਹਾ ਅਤੇ ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਹੁ ਅਨਹੁ ਦੀ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰੀ ਉਮੱਤ ਵਿੱਚੋਂ ਕੋਈ ਮੁਹਦੱਸ ਹੈ ਤਾਂ ਉਹ ਉਮਰ ਬਿਨ ਖ਼ਤਾਬ ਰਜ਼ੀ ਅਲੱਹੁ ਅਨਹੁ ਹਨ, ਜਿੰਨ੍ਹਾ ਨੂੰ ਅਧਿਕਤਰ ਇਲਹਾਮ ਤੇ ਕਸ਼ਫ਼ ਹੁੰਦੇ ਹਨ । ਫਿਰ ਫ਼ਰਮਾਇਆ ਤੁਹਾਡੇ ਵਿੱਚੋਂ ਪਹਿਲਾਂ ਜੋ ਬਨੀ ਇਸਰਾਈਲ ਹੋਏ ਹਨ ਉਹਨਾ ਵਿੱਚ ਵੀ ਅਜਿਹੇ ਵਿਅਕਤੀ ਆ ਚੁੱਕੇ ਹਨ ਜਿੰਨ੍ਹਾ ਨਾਲ ਰੱਬ ਕਲਾਮ ਕਰਿਆ ਕਰਦਾ ਸੀ, ਬਿਨਾ ਇਸਦੇ ਕਿ ਉਹ ਨਬੀ ਹੁੰਦੇ ਸਨ, ਜੇਕਰ ਮੇਰੀ ਉਮੱਤ ਵਿੱਚ ਵੀ ਕੋਈ ਅਜਿਹਾ ਹੈ ਤਾਂ ਉਹ ਉਮਰ ਰਜ਼ੀ ਅਲੱਹੁ ਅਨਹੁ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਹਮੇਸ਼ਾ ਅਲੰਕਾਰਾਂ ਨਾਲ ਕੰਮ ਲੈਂਦਾ ਹੈ ਅਤੇ ਸੁਭਾਉ, ਗੁਣ ਤੇ ਸਮਰਥਾ ਦੇ ਪੱਖੋਂ ਇਕ ਦਾ ਨਾਂ ਦੂਜੇ'ਤੇ ਲਾਉਂਦਾ ਹੈ । ਇਕ ਹਦੀਸ ਅਨੁਸਾਰ ਜਿਸ ਵਿਅਕਤੀ ਦੀ ਆਤਮਕ ਅਵਸਥਾ ਉਮਰ ਅਨੁਸਾਰ ਹੋਵੇਗੀ ਉਹ ਲੋੜ ਸਮੇਂ ਮੁਹਦੱਸ ਹੋਵੇਗਾ । ਸੋ, ਇਸ ਨਿਮਾਣੇ ਨੂੰ ਵੀ ਇਕ ਵਾਰ ਇਲਹਾਮ ਹੋਇਆ ਸੀ ਕਿ 'انت محدث اللہ فیک مادۃ فاروقی' ਅਰਥਾਤ ਤੂੰ ਮੁਹਦੱਸ ਅਲੱਾਹ ਹੈ ਤੇਰੇ ਵਿੱਚ ਫ਼ਾਰੂਕੀ ਮਾਦਾ ਹੈ ।

ਹਜ਼ਰਤ ਅਬੂ ਬਕਰ ਦੇ ਕਾਲ ਵਿੱਚ ਯਮਾਮਾ ਦੀ ਜੰਗ ਵਿੱਚ ਜੱਦ ਸਤੱਰ ਕੁਰਆਨ ਕਰੀਮ ਦੇ ਹਾਫ਼ਜ਼ ਸ਼ਹੀਦ ਹੋਏ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਕੁਰਆਨ ਕਰੀਮ ਦੀ ਸੁਰੱਖਿਆ ਤੇ ਸੰਪਾਦਨ ਦੀ ਸਲਾਹ ਦਿੱਤੀ ਅਤੇ ਫਿਰ ਜ਼ੈਦ ਬਿਨ ਸਾਬਤ ਰਜ਼ੀ ਅਲੱਹੁ ਅਨਹੁ ਨੇ ਸੰਪਾਦਪਨ ਦਾ ਕੰਮ ਸ਼ੁਰੂ ਕੀਤਾ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦਾ ਕੁਰਆਨ ਕਰੀਮ ਕੰਠ ਕਰਨ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਉਬੈਦਹ ਕਹਿੰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਮੁਹਾਜਰ ਸਹਾਬਾ ਵਿੱਚ ਅਬੂ ਬਕਰ ਰਜ਼ੀ ਅਲੱਹੁ ਅਨਹੁ, ਉਮਰ ਰਜ਼ੀ ਅਲੱਹੁ ਅਨਹੁ, ਉਸਮਾਨ ਰਜ਼ੀ ਅਲੱਹੁ ਅਨਹੁ, ਅਲੀ, ਤਲਹਾ, ਸਅਦ, ਇਬਨੇ ਮਸਊਦ, ਹੁਜ਼ੈਫ਼ਾ, ਸਾਲਮ, ਅਬੂ ਹੁਰੈਰਾ, ਅਬਦੁਲੱਾਹ ਬਿਨ ਸਾਇਬ, ਅਬਦੁਲੱਾਹ ਬਿਨ ਉਮਰ ਅਤੇ ਅਬਦੁਲੱਾਹ ਬਿਨ ਆਸ ਦਾ ਕੰਠ ਕਰਨਾ ਸਿੱਧ ਹੈ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਉਪੱਰ ਕੁਝ ਵਹੀਆਂ (ਭਵਿੱਖਬਾਣੀਆਂ) ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੀ ਅਨੁਕੂਲਤਾ ਕਰਕੇ ਹੋਈਆਂ । ਸਿਹਾ ਸਿਤੱਾ ਦੀ ਰਿਵਾਇਤ ਅਨੁਸਾਰ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੀਆਂ ਤਿੰਨ ਗਲੱਾਂ ਵਿੱਚ ਅਨੁਕੂਲਤਾ ਦਾ ਜ਼ਿਕਰ ਮਿਲਦਾ ਹੈ । ਹਾਂ, ਜੇਕਰ ਸਿਹਾ ਸਿਤੱਾ ਦੀ ਇਹਨਾ ਰਿਵਾਇਤਾਂ ਨੂੰ ਸਾਮੂਹਿਕ ਰੂਪ ਵਿੱਚ ਦੇਖਿਆ ਜਾਏ ਤਾਂ ਇਹਨਾ ਦੀ ਗਿਣਤੀ ਸੱਤ ਤੱਕ ਬਣਦੀ ਹੈ । ਸਹੀ ਬੁਖ਼ਾਰੀ ਵਿੱਚ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਕਿਹਾ ਤਿੰਨ ਗਲੱਾਂ ਵਿੱਚ ਮੇਰੀ ਰਾਏ ਮੇਰੇ ਰੱਬ ਦੀ ਇੱਛਾ ਅਨੁਸਾਰ ਹੋਈ । ਮੈਂ ਕਿਹਾ ਹੇ ਰਸੂਲੁਲੱਾਹ ! ਜੇਕਰ ਅਸੀਂ ਅਸੀਂ 'ਮੁਕਾਮੇ ਇਬ੍ਰਾਹੀਮ' ਨੂੰ ਨਮਾਜ਼ਗਾਹ ਬਣਾ ਲਈਏ ਤਾਂ ਆਇਤ وَاتَّخِذُوْا مِنْ مَّقَامِ اِبْرٰهٖمَ مُصَلًّى ਨਾਜ਼ਿਲ ਹੋਈ ਅਤੇ ਮੈਂ ਕਿਹਾ ਹੇ ਰਸੂਲੁਲੱਾਹ ਜੇਕਰ ਆਪ ਆਪਣੀ ਪਤਨੀਆਂ ਨੂੰ ਪਰਦਾ ਕਰਨ ਦਾ ਹੁਕਮ ਦੇਣ ਕਿਉਂਕਿ ਇਹਨਾ ਤੋਂ ਚੰਗੇ ਵੀ ਤੇ ਬੁਰੇ ਵੀ ਗਲੱਾਂ ਕਰਦੇ ਹਨ ਤਾਂ ਪਰਦੇ ਦੀ ਆਇਤ ਨਾਜ਼ਿਲ ਹੋਈ । ਫਿਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਪਤਨੀਆਂ ਨੇ ਗ਼ੈਰਤ ਕਰਕੇ ਆਪ ਸਲਲੱਾਹੁ ਅਲੈਹਿ ਵਸਲੱਮ ਬਾਰੇ ਏਕਾ ਕੀਤਾ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਕਹਿੰਦੇ ਹਨ ਮੈਂ ਇਹਨਾ ਪਤਨੀਆਂ ਨੂੰ ਜਿੰਨ੍ਹਾ ਵਿੱਚ ਉਹਨਾ ਦੀ ਬੇਟੀ ਵੀ ਸੀ ਕਿਹਾ ਕਿ ਜੇਕਰ ਤੁਹਾਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਤਲਾਕ ਦੇ ਦੇਣ ਤਾਂ ਮੈਨੂੰ ਆਸ ਹੈ ਕਿ ਰੱਬ ਤੁਹਾਡੇ ਨਾਲੋਂ ਚੰਗੀਆਂ ਪਤਨੀਆਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਬਦਲੇ ਵਿੱਚ ਦੇ ਦੇਵੇਗਾ । ਇਸ'ਤੇ ਇਹ ਆਇਤ ਨਾਜ਼ਿਲ ਹੋਈ عَسٰى رَبُّهٗۤ اِنْ طَلَّقَكُنَّ اَنْ يُّبْدِلَهٗۤ اَزْوَاجًا خَيْرًا مِّنْكُنَّ ਅਰਥਾਤ ਨੇੜੇ ਹੈ ਕਿ ਜੇਕਰ ਉਹ ਤੁਆਨੂੰ ਤਲਾਕ ਦੇ ਦੇਵੇਤਾਂ

ਉਸ ਦਾ ਰੱਬ ਤੁਹਾਡੇ ਬਦਲੇ ਉਸ ਲਈ ਚੰਗੀਆਂ ਪਤਨੀਆਂ ਲੈ ਆਏ । ਸਹੀ ਮੁਸਲਿਮ ਵਿੱਚ ਹਜ਼ਰਤ ਉਮਰ ਦਾ ਮੁਨਾਫ਼ਕਾਂ ਦਾ ਜਨਾਜ਼ਾਹ ਪੜ੍ਹਨ ਬਾਰੇ ਕੁਰਆਨ ਕਰੀਮ ਦੀ ਵਹੀ ਅਨੁਸਾਰ ਅਨੁਕੂਲਤਾ ਦਾ ਜ਼ਿਕਰ ਮਿਲਦਾ ਹੈ । ਸ਼ਰਾਬ ਦੇ ਹਰਾਮ ਹੋਣ ਬਾਰੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੀ ਕੁਰਆਨ ਕਰੀਮ ਦੀ ਵਹੀ ਨਾਲ ਅਨੁਕੂਲਤਾ ਦਾ ਜ਼ਿਕਰ ਸੁਨਨ ਤਿਰਮਿਜ਼ੀ ਵਿੱਚ ਮਿਲਦਾ ਹੈ । ਸਿਹਾ ਸਿਤੱਾ ਵਿੱਚ ਵਰਨਣ ਇਹਨਾ ਅਨੁਕੂਲਤਾਵਾਂ ਤੋਂ ਬਿਨਾ ਵੀ ਜੀਵਨ ਸ਼ੈਲੀ ਰਚਨਹਾਰਾਂ ਨੇ ਅਨੇਕਾਂ ਅਨੁਕੂਲਤਾਵਾਂ ਦਾ ਜ਼ਿਕਰ ਕੀਤਾ ਹੈ । ਸੋ, ਅਲੱਮਾ ਸਯੂਤੀ ਨੇ ਵੀਹ ਦੇ ਲਗਭਗ ਅਨੁਕੂਲਤਾਵਾਂ ਦਾ ਵਰਨਣ ਕੀਤਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦਾ ਦਰਜਾ ਸਾਹਬਾ ਵਿੱਚ ਐਨ੍ਹਾ ਵਡੱਾ ਹੈ ਕਿ ਕਈ ਵਾਰ ਇਹਨਾ ਦੀ ਰਾਏ ਅਨੁਸਾਰ ਕੁਰਆਨ ਸ਼ਰੀਫ਼ ਨਾਜ਼ਿਲ ਹੋ ਜਾਇਆ ਕਰਦਾ ਸੀ ਅਤੇ ਇਹਨਾ ਦੇ ਹੱਕ ਵਿੱਚ ਇਹ ਹਦੀਸ ਹੈ ਸ਼ੈਤਾਨ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਪਰਛਾਵੇਂ ਤੋਂ ਨਠੱਦਾ ਹੈ । ਦੂਜੀ ਇਹ ਹਦੀਸ ਹੈ ਕਿ ਜੇਕਰ ਮੇਰੇ ਬਾਦ ਕੋਈ ਨਬੀ ਹੁੰਦਾ ਤਾਂ ਉਮਰ ਹੁੰਦਾ । ਤੀਜੀ ਇਹ ਹਦੀਸ ਹੈ ਕਿ ਪਹਿਲੀਆਂ ਉਮੱਤਾਂ (ਕੌਮਾਂ) ਵਿੱਚ ਮੁਹਦੱਸ ਹੁੰਦੇ ਰਹੇ ਹਨ ਜੇਕਰ ਇਸ ਉਮੱਤ ਵਿੱਚ ਕੋਈ ਮੁਹਦੱਸ ਹੈ ਤਾਂ ਉਹ ਉਮਰ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਅਲੱਾਹ ਤਆਲਾ ਨੇ ਇਕ ਸਹਾਬੀ ਅਬਦੁਲੱਾਹ ਬਿਨ ਜ਼ੈਦ ਰਜ਼ੀ ਅਲੱਹੁ ਅਨਹੁ ਨੂੰ ਵਹੀ ਰਾਹੀਂ ਅਜ਼ਾਨ ਸਿਖਾਈ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਮੈਨੂੰ ਵੀ ਰੱਬ ਨੇ ਇਹੋ ਅਜ਼ਾਨ ਸਿਖਾਈ ਸੀ ਪਰ ਮੈਂ ਵੀਹ ਦਿਨ ਤੱਕ ਚੁੱਪ ਰਿਹਾ ਇਸ ਵਿਚਾਰ ਨਾਲ ਕਿ ਇਕ ਹੋਰ ਵਿਅਕਤੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਵਰਨਣ ਕਰ ਚੁੱਕਿਆ ਹੈ । ਸੁਨਨ ਤਿਰਮਿਜੀ ਦੀ ਇਕ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਆਪਣਾ ਸੁਪਨਾ ਦੱਸਿਆਤਾਂ ਉਹਨਾਂ ਨੇ ਫ਼ਰਮਾਇਆ ਕਿ ਇਹ ਗੱਲ ਬਹੁੱਤੀ ਪੱਕੀ ਹੈ ਅਤੇ ਹੁਣ ਹੋਰ ਤਸਦੀਕ ਹੋ ਗਈ ।

ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਅਦਬ ਤੇ ਸਨਮਾਨ ਕਿਵੇਂ ਕੀਤਾ ਕਰਦੇ ਸਨ ਇਸ ਬਾਰੇ ਹਜ਼ਰਤ ਇਬਨੇ ਉਮਰ ਰਜ਼ੀ ਅਲੱਹੁ ਅਨਹੁਮਾ ਤੋਂ ਰਿਵਾਇਤ ਹੈ ਕਿ ਉਹ ਅਰਥਾਤ ਹਜ਼ਰਤ ਇਬਨੇ ਉਮਰ ਰਜ਼ੀ ਅਲੱਹੁ ਅਨਹੁ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਕਿਸੇ ਸਫ਼ਰ ਵਿੱਚ ਸਨ ਅਤੇ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਇਕ ਊਠ'ਤੇ ਸਵਾਰ ਸਨ ਜੋ ਮੂੰਹਜ਼ੋਰ ਸੀ ਅਤੇ ਨਬੀ ਕਰੀਮ ਦੀ ਸਵਾਰੀ ਤੋਂ ਅੱਗੇ ਵੱਧ ਜਾਂਦਾ ਸੀ ਅਤੇ ਉਹਨਾ ਦੇ ਪਿਤਾ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਉਹਨਾ ਨੂੰ ਕਹਿੰਦੇ ਸਨ ਕਿ ਅਬਦੁਲੱਾਹ ! ਨਬੀ ਸਲਲੱਾਹੁ ਅਲੈਹਿ ਵਸਲੱਮ ਤੋਂ ਅੱਗੇ ਕਿਸੇ ਨੂੰ ਨਹੀਂ ਵਧੱਣਾ ਚਾਹੀਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਘਰ ਗਏ ਤਾਂ ਦੇਖਿਆ ਕਿ ਚਟਾਈ ਉਪੱਰ ਲੇਟਣ ਕਰਕੇ ਚਟਾਈ ਦੇ ਚਿੰਨ੍ਹ ਆਪਦੀ ਪਿੱਠ'ਤੇ ਪੈ ਗਏ ਹਨ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਅਰਜ਼ ਕਤੀ ਕਿ ਕੈਸਰ ਤੇ ਕਿਸਰਾ ਤਾਂ ਆਰਾਮ ਦਾ ਜੀਵਨ ਬਤੀਤ ਕਰਨ ਅਤੇ ਆਪ ਕਸ਼ਟ ਵਿੱਚ ਹਨ । ਆਂਜਨਾਬ ਨੇ ਫ਼ਰਮਾਇਆ ਕਿ ਮੈਨੂੰ ਦੁਨੀਆ ਨਾਲ ਕੀ ਕੰਮ । ਮੇਰੀ ਉਧਾਰਣ ਤਾਂ ਉਸ ਸਵਾਰੀ ਜਿਹੀ ਹੈ ਜੋ ਗਰਮੀ ਦੇ ਸਬਬ ਇਕ ਊਠਣੀ'ਤੇ ਜਾ ਰਿਹਾ ਹੈ ਅਤੇ ਜੱਦ ਦੁਪਹਿਰ ਦੀ ਭਖੱਦੀ ਗਰਮੀ ਨੇ ਉਸਨੂੰ ਕਸ਼ਟ ਦਿਤੱਾ ਤਾਂ ਉਹ ਉਸੇ ਸਵਾਰੀ ਦੀ ਹਾਲਤ ਵਿੱਚ ਦਮ ਲੈਂਣ ਲਈ ਇਕ ਰੁੱਖ ਦੇ ਛਾਂ ਹੇਠ ਠਹਿਰ ਗਿਆ ਅਤੇ ਫਿਰ ਜੱਦ ਕੁਝ ਚਿਰ ਬਾਦ ਉਸੇ ਗਰਮੀ ਵਿੱਚ ਆਪਣਾ ਰਾਹ ਲਿਆ ।

ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲੋਂ ਉਮਰਾ ਕਰਨ ਦੀ ਆਗਿਆ ਮੰਗੀ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਆਗਿਆ ਦੇ ਦਿੱਤੀ ਅਤੇ ਫ਼ਰਮਾਇਆ ਹੇ ਮੇਰੇ ਭਾਈ ਸਾਨੂੰ ਆਪਣੀਆਂ ਦੁਆਵਾਂ ਵਿੱਚ ਨ ਭੁਲੱਣਾ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਇਹ ਅਜਿਹਾ ਕਲਮਾ ਹੈ ਕਿ ਜੇਕਰ ਮੈਨੂੰ ਇਸ ਦੇ ਬਦਲੇ ਵਿੱਚ ਸਾਰੀ ਦੁਨੀਆ ਵੀ ਮਿਲ ਜਾਏ ਤਾਂ ਐਨ੍ਹੀ ਖ਼ੁਸੀ ਨਹੀਂ ਨ ਹੋਵੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹੁ ਅਨਹੁ ਫ਼ਰਮਾਓਹੁੰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਸਮੇਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੂੰ ਵਿਚਾਰ ਆਇਆ ਕਿ ਆਪ ਜੀਉਂਦੇ ਹਨ ਅਤੇ ਦੁਬਾਰਾ ਆਉਂਣਗੇ ਅਤੇ ਆਪ ਰਜ਼ੀ ਅਲੱਹੁ ਅਨਹੁ ਉਸ ਵਿਅਕਤੀ ਦੀ ਗਰਦਨ ਉਡਾਉਣ ਨੂੰ ਤਿਆਰ ਸਨ ਜੋ ਇਸ ਦੇ ਵਿਰੁਧ ਕਹੇ, ਪਰ ਜੱਦ ਹਜ਼ਰਤ ਅਬੂਬਕਰ ਰਜ਼ੀ ਅਲੱਹੁ

ਅਨਹੁ ਨੇ ਸਾਰਿਆਂ ਸਾਹਾਬਾ ਦੇ ਸਾਹਮਣੇ ਇਹ ਆਇਤ ਪੜ੍ਹੀ ਕਿ وَمَا مُحَمَّدٌ إِلَّا رَسُولٌ قَدْ خَلَتْ مِنْ قَبْلِهِ الرُّسُلُ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਫ਼ਰਮਾਉਂਦੇ ਹਨ ਕਿ ਮੇਰੇ ਪੈਰ੍ਹ ਕੰਬ ਗਏ ਅਤੇ ਮੈਂ ਸਦਮੇ ਕਰਕੇ ਧਰਤੀ'ਤੇ ਡਿੱਗ ਗਿਆ । ਸੋ, ਜੇਕਰ ਕੋਈ ਨਬੀ ਜੀਉਂਦਾ ਹੁੰਦਾ ਤਾਂ ਇਹ ਪ੍ਰਮਾਣ ਸਹੀ ਨਹੀਂ ਸੀ । ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਕਹਿ ਸਕਦੇ ਸਨ ਕਿ ਹਜ਼ਰਤ ਮਸੀਹ ਹੁਣੇ ਜੀਉਂਦੇ ਅਕਾਸ਼'ਤੇ ਬੈਠੇ ਤਾਂ ਹਨ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਕਿਉਂ ਜੀਉਂਦੇ ਨਹੀਂ ਰਹਿ ਸਕਦੇ । ਪਰੰਤੂ ਸਾਰਿਆਂ ਸਹਾਬ ਦਾ ਚੁੱਪ ਰਹਿ ਜਾਣਾ ਇਸ ਗੱਲ ਦਾ ਪ੍ਰਮਾਣ ਦਿੰਦਾ ਹੈ ਕਿ ਹਜ਼ਰਤ ਮਸੀਹ ਫ਼ੌਤ ਹੋ ਚੁੱਕੇ ਹਨ ।

ਹਜ਼ਰਤ ਉਮਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪੂਰਨ ਪੈਰ੍ਹਵੀ ਕਰਦੇ ਸਨ । ਹਿਜਰੇ ਅਸਵਦ ਨੂੰ ਕਿਹਾ ਕਰਦੇ ਸਨ ਕਿ ਜੇਕਰ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਤੈਨੂੰ ਚੁੰਮਦਿਆਂ ਹੋਇਆ ਨ ਦੇਖਿਆ ਹੁੰਦਾ ਤਾਂ ਤੈਨੂੰ ਉਕੱਾ ਹੀ ਨ ਚੁੰਮਦਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਜੱਦ ਲੋਕਾਂ ਦੇ ਕੈਦੀ ਅਜ਼ਾਦ ਕੀਤੇ ਤਾਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਵੀ ਇਕ ਕੈਦੀ ਜੜਕੀ ਨੂੰ ਝੱਟ ਅਜ਼ਾਦ ਕਰ ਦਿਤੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਮੁਨਾਫ਼ਕਾ ਦੀ ਇਕ ਜਮਾਤ ਦਾ ਨਾਂ ਲੈਕੇ ਹਜ਼ਰਤ ਹੁਜ਼ੈਫ਼ਾ ਰਜ਼ੀ ਅਲੱਹੁ ਅਨਹੁ ਨੂੰ ਦੱਸਿਆ ਕਿ ਮੈਂਨੂੰ ਇਹਨਾ ਵਿਅਕਤੀਆਂ ਦੀ ਨਮਾਜ਼ ਜਨਾਜ਼ਾਹ ਪੜ੍ਹਨ ਤੋਂ ਮਨਾ ਕੀਤਾ ਗਿਆ ਹੈ । ਸੋ, ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਆਪਣੇ ਖ਼ਿਲਾਫ਼ਤ ਕਾਲ ਵਿੱਚ ਕੇਵਲ ਉਸ ਵਿਅਕਤੀ ਦੀ ਨਮਾਜ਼ ਜਨਾਜ਼ਾਹ ਪੜ੍ਹਿਆ ਕਰਦੇ ਜਿਸ ਦੀ ਹਜ਼ਰਤ ਹੁਜ਼ੈਫ਼ਾ ਰਜ਼ੀ ਅਲੱਹੁ ਅਨਹੁ ਪੜ੍ਹਦੇ, ਹੋਰ ਅਵਸਥਾ ਵਿੱਚ ਉਸ ਦੀ ਨਮਾਜ਼ ਜਨਾਜ਼ਾਹ ਛੱਡ ਦਿੰਦੇ । ਹਜਰਤ ਉਮਰ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀ ਨੂੰ ਪ੍ਰਕਟ ਰੂਪ ਵਿੱਚ ਪੂਰਾ ਕਰਨ ਲਈ ਕਿਸਰਾ ਦੇ ਕੜੇ ਇਕ ਸਹਾਬੀ ਨੂੰ ਪਹਿਨਾ ਦਿੱਤੇ ।

ਹਜ਼ਰਤ ਜ਼ੈਨੁਲ ਆਬਿਦੀਨ ਵਲੀਉਲੱਾਹ ਸ਼ਾਹ ਸਾਹਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਇਕ ਸੁਪਨੇ ਤੋਂ ਇਹ ਤਰਕ ਲਿਆ ਕਿ ਸੰਸਾਰਕ ਜਿਤੱਾਂ ਅਤੇ ਵੱਡਿਆਈ ਜੋ ਮੁਸਲਮਾਨਾ ਨੂੰ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਰਾਹੀਂ ਪ੍ਰਾਪਤ ਹੋਈ ਉਹ ਨਬਵੀ ਗਿਆਨ ਦਾ ਬੱਚਿਆ ਹੋਇਆ ਭਾਗ ਸੀ ਜੋ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਤੋਂ ਮਿਲਿਆ ਸੀ । ਹਜ਼ਰਤ ਮਾਲਮ ਬਿਨ ਅਗ਼ਵਾਲ ਰਜ਼ੀ ਅਲੱਹੁ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੇ ਫ਼ਰਮਾਇਆ ਆਪਣੀ ਪੜਤਾਲ ਕਰੋ ਇਸ ਤੋਂ ਪਹਿਲਾਂ ਕਿ ਤੁਹਾਡੀ ਪੜਤਾਲ ਕੀਤੀ ਜਾਵੇ । ਆਪਣੇ ਆਪ ਨੂੰ ਤੋਲੋ ਕਿ ਇਸ ਤੋਂ ਪਹਿਲਾਂ ਤੁਹਾਨੂੰ ਤੋਲਿਆ ਜਾਏ ਅਤੇ ਸਭ ਤੋਂ ਵਧੱਕੇ ਵੱਡੀ ਪੇਸ਼ੀ ਲਈ ਤਿਆਰੀ ਕਰੋ । ਹਜ਼ਰਤ ਅਨਸ ਬਿਨ ਮਾਲਕ ਰਜ਼ੀ ਅਲੱਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਨੂੰ ਉਸ ਸਮੇਂ ਦੇਖਿਆ ਜੱਦ ਆਪ ਅਮੀਰੁਲ ਮੋਮਿਨੀਨ ਸਨ ਕਿ ਆਪ ਰਜ਼ੀ ਅਲੱਹੁ ਅਨਹੁ ਨੇ ਮੋਢਿਆਂ ਵਿਚਕਾਰ ਕੁਰਤੇ ਵਿੱਚ ਚਾਰ ਜਮੜੇ ਦੇ ਪੇਵੰਦ ਦੇਖੇ ।

ਹਜ਼ੂਰ ਅਨਵਰ ਨਾ ਫ਼ਰਮਾਇਆ ਕਿ ਇਹ ਜ਼ਿਕਰ ਅਜੇ ਹੋਰ ਵੀ ਅੱਗੇ ਚੱਲੇਗਾ । ਇਨਸ਼ਾਅਲੱਾਹ ।

ਹਜ਼ੂਰ ਅਨਵਰ ਨੇ ਅਖੀਰ ਵਿੱਚ ਮੁਕਰੱਮ ਡਾਕਟਰ ਤਾਸੀਰ ਮੁਜਤਬਾ ਸਾਹਬ (ਫ਼ਜ਼ਲੇ ਉਮਰ ਹਸਪਤਾਲ) ਰਬਵਾਹ ਦੇ ਦੇਹਾਂਤ ਦਾ ਜ਼ਿਕਰੇ ਖ਼ੈਰ ਕਰਦਿਆਂ ਹੋਇਆ ਉਹਨਾ ਦੀਆਂ ਜਮਾਤੀ ਸੇਵਾਵਾਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜੁਮਏ ਦੇ ਬਾਦ ਉਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰه اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ.

**Khulasa Khutba Jumma 29.10.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)